# ਰਾਮ ਭਕਤ ਹਨੂੰਮਾਨ ਨੱਚਦੇ ਝੂਮ ਝੂਮ ਕੇ

ਹੱਥਾਂ ਵਿਚ ਖੜਕਣ ਖੜਕਾਲਾਂ,,
ਪੈਰੀਂ ਘੁੰਘਰੂ ਪਾਉਣ ਧਮਾਲਾਂ ॥
ਤਨ ਤੇ ਖੂਬ ਸਿੰਧੂਰ ਲਗਾਇਆ,
ਮੁੱਖੜੇ ਤੇ ਮੁਸਕਾਨ, ਨੱਚਦੇ ਝੂਮ ਝੂਮ ਕੇ,,,,,
ਰਾਮ ਭਕਤ ਹਨੂੰਮਾਨ, ਨੱਚਦੇ ਝੂਮ ਝੂਮ ਕੇ ॥

ਸਿਰ ਸੋਨੇ ਦਾ ਮੁਕਟ ਨਿਰਾਲਾ,
ਗਲ਼ ਵਿੱਚ ਰਾਮ ਨਾਮ ਦੀ ਮਾਲਾ ॥
ਹੱਥ ਵਿੱਚ ਗਧਾ ਤੇ ਤੇੜ ਲੰਗੋਟਾ ॥,
ਵੱਖਰੀ ਵੇਖ ਪਛਾਣ, ਨੱਚਦੇ ਝੂਮ ਝੂਮ ਕੇ,,,,,
ਰਾਮ ਭਕਤ ਹਨੂੰਮਾਨ, ਨੱਚਦੇ ਝੂਮ ਝੂਮ ਕੇ ॥

ਝੱਟ ਸੰਜੀਵਨੀ ਬੂਟੀ ਲਿਆਏ,
ਲਛਮਨ ਜੀ ਦੇ ਪ੍ਰਾਣ ਬਚਾਏ ॥
ਸਾਰੀ ਸੈਨਾ ਵਿਚੋਂ ਉਸਦਾ ॥,
ਸਭ ਤੋਂ ਵੱਧ ਸਨਮਾਨ, ਨੱਚਦੇ ਝੂਮ ਝੂਮ ਕੇ,,,,,
ਰਾਮ ਭਕਤ ਹਨੂੰਮਾਨ, ਨੱਚਦੇ ਝੂਮ ਝੂਮ ਕੇ ॥

ਜਦੋਂ ਪੂੰਛ ਨੂੰ ਅੱਗ ਲਗਾਈ,
ਅੱਧੀ ਲੰਕਾਂ ਰਾਖ ਬਣਾਈ ॥
ਸੀਨੇ ਚੋਂ ਸੀਆ ਰਾਮ ਦਿਖਾਏ ॥,
ਭਗਤੀ ਬੜੀ ਮਹਾਨ, ਨੱਚਦੇ ਝੂਮ ਝੂਮ ਕੇ,,,,,
ਰਾਮ ਭਕਤ ਹਨੂੰਮਾਨ, ਨੱਚਦੇ ਝੂਮ ਝੂਮ ਕੇ ॥

ਧੰਨ ਹੈ ਤੂੰ ਧੰਨ ਤੇਰੀ ਭਕਤੀ,
ਭਕਤੀ ਦੇ ਵਿੱਚ ਬੜੀ ਹੈ ਸ਼ਕਤੀ ॥
ਗੋਇੰਦਾਣੇ ਦਾ ਨਾਹਟੀ ਝੁੱਕ ਝੁੱਕ ॥,
ਕਰਦਾ ਹੈ ਪ੍ਰਣਾਮ, ਨੱਚਦੇ ਝੂਮ ਝੂਮ ਕੇ,,,,,
ਰਾਮ ਭਕਤ ਹਨੂੰਮਾਨ, ਨੱਚਦੇ ਝੂਮ ਝੂਮ ਕੇ ॥
ਅਪਲੋਡ ਕਰਤਾ- ਅਨਿਲ ਰਾਮੂਰਤੀ ਭੋਪਾਲ ਬਾਘੀਓ ਵਾਲੇ

https://bhajanganga.com/bhajan/lyrics/id/7391/title/ram-bhakat-hanuman-nachde-jhoom-jhoom-ke

अपने Android मोबाइल पर BhajanGanga App डाउनलोड करें और भजनों का आनंद ले |